## ਜ਼ਿਆਦਾ ਜਾਣਕਾਰੀ ਲਈ ਇਲੈਕਸ਼ਨਜ਼ ਬੀ ਸੀ ਨਾਲ ਸੰਪਰਕ ਕਰੋ


**ਟੋਲ ਫ੍ਰੀ:** 1-800-661-8683
(ਉੱਤਰੀ ਅਮਰੀਕਾ ਵਿਚ)
**ਟੀ ਟੀ ਵਾਈ:** 1-888-456-5448

**ਡਾਕ ਲਈ ਐਡਰੈਸ:**
PO Box 9275 Stn Prov Govt
Victoria, BC V8W 9J6

**ਫੋਨ:** 250-387-5305
**ਫੈਕਸ:** 250-387-3578
**ਟੋਲ–ਫ੍ਰੀ ਫੈਕਸ:** 1-866-466-0665

**ਈਮੇਲ:** electionsbc@elections.bc.ca
**ਵੈੱਬਸਾਈਟ:** elections.bc.ca


ਔਨਲਾਈਨ ਰਜਿਸਟਰ ਹੋਣ ਲਈ ਇਹ ਕੋਡ ਸਕੈਨ ਕਰੋ ਜਾਂ elections.bc.ca/register ’ਤੇ ਜਾਉ।

ELECTIONS BC
A non-partisan Office of the Legislature



# ਵੋਟਾਂ ਲਈ ਟੈਕਨੌਲੋਜੀ

ELECTIONS BC
A non-partisan Office of the Legislature

# ਟੈਕਨੌਲੋਜੀ ਅਤੇ ਵੋਟਾਂ ਦਾ ਅਮਲ

**ਇਲੈਕਸ਼ਨਜ਼ ਬੀ ਸੀ ਸੂਬਾਈ ਚੋਣਾਂ ਕਰਵਾਉਣ ਲਈ ਸਾਬਤ ਹੋਈ ਟੈਕਨੌਲੋਜੀ ਦੀ ਵਰਤੋਂ ਕਰਦੀ ਹੈ। ਟੈਕਨੌਲੋਜੀ ਵੋਟਾਂ ਦੇ ਅਮਲ ਨੂੰ ਤੇਜ਼, ਸੌਖਾ ਅਤੇ ਜ਼ਿਆਦਾ ਸੁਰੱਖਿਅਤ ਬਣਾਉਣ ਵਿਚ ਮਦਦ ਕਰਦੀ ਹੈ।**

## ਡਿਜੀਟਲ ਵੋਟਰਜ਼ ਲਿਸਟ



ਲੈਪਟੌਪ ਕੰਪਿਊਟਰਾਂ ਦੀ ਵਰਤੋਂ ਇਨ੍ਹਾਂ ਲਈ ਕੀਤੀ ਜਾਂਦੀ ਹੈ:

- ਵੋਟਰਾਂ ਨੂੰ ਚੈੱਕ-ਇਨ ਕਰਨ ਲਈ,
- ਵੋਟਰ ਰਜਿਸਟਰੇਸ਼ਨ ਦੀ ਜਾਣਕਾਰੀ ਰਿਕਾਰਡ ਕਰਨ ਲਈ, ਅਤੇ
- ਵੋਟ ਪਾਉਣ ਤੋਂ ਬਾਅਦ ਵੋਟਰਾਂ ਨੂੰ ਵੋਟਰਾਂ ਦੀ ਲਿਸਟ ਵਿੱਚੋਂ ਕੱਢਣ ਲਈ।

ਇਸ ਨਾਲ ਇਹ ਪੱਕਾ ਹੁੰਦਾ ਹੈ ਕਿ ਸਿਰਫ ਯੋਗ ਵੋਟਰ ਹੀ ਵੋਟ ਪਾਉਣ ਅਤੇ ਉਹ ਸਿਰਫ ਇਕ ਵਾਰ ਹੀ ਵੋਟ ਪਾਉਣ।

## ਟੈਬੂਲੇਟਰਜ਼



- ਟੈਬੂਲੇਟਰਜ਼ ਦੀ ਵਰਤੋਂ ਪੇਪਰ ਵਾਲੀਆਂ ਵੋਟ ਪਰਚੀਆਂ ਨੂੰ ਗਿਣਨ ਲਈ ਕੀਤੀ ਜਾਂਦੀ ਹੈ ਜਿਨ੍ਹਾਂ ਉੱਪਰ ਵੋਟਰ ਹੱਥ ਨਾਲ ਨਿਸ਼ਾਨ ਲਾਉਂਦੇ ਹਨ।
- ਟੈਬੂਲੇਟਰਜ਼ ਦੀ ਵਰਤੋਂ ਬੀ.ਸੀ. ਵਿਚਲੀਆਂ ਸੂਬਾਈ ਜ਼ਿਮਨੀ ਚੋਣਾਂ, ਕੈਨੇਡਾ ਵਿਚਲੀਆਂ ਹੋਰ ਸੂਬਾਈ ਚੋਣਾਂ, ਅਤੇ ਬੀ.ਸੀ. ਵਿਚ ਮਿਊਨਿਸਪਲ ਚੋਣਾਂ ਵਿਚ ਕਾਮਯਾਬੀ ਨਾਲ ਕੀਤੀ ਗਈ ਹੈ।
- ਟੈਬੂਲੇਟਰਜ਼ ਨੂੰ ਕਦੇ ਵੀ ਇੰਟਰਨੈੱਟ ਨਾਲ ਨਹੀਂ ਜੋੜਿਆ ਜਾਂਦਾ।
- ਟੈਬੂਲੇਟਰਜ਼ ਨੂੰ ਵਰਤਣ ਤੋਂ ਪਹਿਲਾਂ ਅਤੇ ਵਰਤਣ ਤੋਂ ਬਾਅਦ ਟੈੱਸਟ ਕੀਤਾ ਜਾਂਦਾ ਹੈ। ਉਮੀਦਵਾਰਾਂ ਦੇ ਪ੍ਰਤੀਨਿਧਾਂ ਨੂੰ ਇਹ ਟੈੱਸਟ ਦੇਖਣ ਲਈ ਸੱਦਾ ਦਿੱਤਾ ਜਾਂਦਾ ਹੈ।

## ਟੈਕਨੌਲੋਜੀ ਨੂੰ ਵਰਤਣ ਦੇ ਫ਼ਾਇਦੇ



- **ਬਿਹਤਰ ਸਰਵਿਸ** – ਚੋਣ ਅਧਿਕਾਰੀ ਵੋਟਰਾਂ ਨੂੰ ਤੇਜ਼ ਅਤੇ ਜ਼ਿਆਦਾ ਕਾਰਗਰ ਤਰੀਕੇ ਨਾਲ ਸਰਵਿਸ ਦੇ ਸਕਦੇ ਹਨ, ਜਿਸ ਦਾ ਮਤਲਬ ਕਤਾਰਾਂ ਵਿਚ ਖੜ੍ਹ ਕੇ ਉਡੀਕ ਕਰਨ ਦਾ ਘੱਟ ਸਮਾਂ ਹੈ।
- **ਚੋਣਾਂ ਦੀ ਭਰੋਸੇਯੋਗਤਾ** – ਤੁਹਾਡੇ ਵਲੋਂ ਵੋਟ ਪਾ ਦੇਣ ਤੋਂ ਬਾਅਦ, ਚੋਣ ਅਧਿਕਾਰੀ ਤੁਹਾਡਾ ਨਾਂ ਵੋਟਰਾਂ ਦੀ ਲਿਸਟ ਵਿੱਚੋਂ ਇਲੈਕਟ੍ਰੌਨੀਕਲੀ ਕੱਢ ਦੇਣਗੇ। ਇਸ ਨਾਲ ਵੋਟ ਪਾਉਣ ਦੀਆਂ ਹੋਰ ਥਾਂਵਾਂ ਨੂੰ ਇਹ ਪਤਾ ਲੱਗਦਾ ਹੈ ਕਿ ਕਿਸ ਨੇ ਵੋਟ ਪਾਈ ਹੈ ਤਾਂ ਜੋ ਕੋਈ ਵੀ ਦੋ ਵਾਰੀ ਵੋਟ ਨਾ ਪਾ ਸਕੇ।
- **ਤੇਜ਼ ਨਤੀਜੇ** – ਵੋਟਾਂ ਪੈਣ ਦਾ ਕੰਮ ਬੰਦ ਹੋ ਜਾਣ ਤੋਂ ਬਾਅਦ, ਚੋਣ ਅਧਿਕਾਰੀ ਪੇਪਰ ਦੀਆਂ ਵੋਟ ਪਰਚੀਆਂ ਨੂੰ ਗਿਣਨ ਲਈ ਇਲੈਕਟ੍ਰੌਨਿਕ ਟੈਬੂਲੇਟਰਜ਼ ਦੀ ਵਰਤੋਂ ਕਰਦੇ ਹੋਏ ਨਤੀਜਿਆਂ ਦੀ ਰਿਪੋਰਟ ਤੇਜ਼ੀ ਨਾਲ ਦੇਣਗੇ।
- **ਚੋਣਾਂ ਦੀ ਰਾਤ ਨੂੰ ਜ਼ਿਆਦਾ ਵੋਟਾਂ ਦਾ ਗਿਣਿਆ ਜਾਣਾ** – ਚੋਣਾਂ ਵਿਚ ਪਈਆਂ ਸਾਰੀਆਂ ਵੋਟਾਂ ਗਿਣੀਆਂ ਜਾਂਦੀਆਂ ਹਨ, ਭਾਵੇਂ ਇਹ ਮੁਢਲੀ ਗਿਣਤੀ (ਚੋਣਾਂ ਦੀ ਰਾਤ ਨੂੰ) ਹੋਵੇ, ਜਾਂ ਆਖਰੀ ਗਿਣਤੀ (ਤਕਰੀਬਨ ਇਕ ਹਫਤਾ ਬਾਅਦ) ਹੋਵੇ। ਇਲੈਕਟ੍ਰੌਨੀਕਲੀ ਨਾਂ ਕੱਢਣਾ ਅਤੇ ਟੈਬੂਲੇਟਰਜ਼, ਬਹੁਤੀਆਂ ਗੈਰਹਾਜ਼ਰੀ ਵਾਲੀਆਂ (ਐਬਸੇਂਟੀ) ਵੋਟ ਪਰਚੀਆਂ ਨੂੰ ਚੋਣਾਂ ਦੀ ਰਾਤ ਨੂੰ ਗਿਣੇ ਜਾਣ ਅਤੇ ਰਿਪੋਰਟ ਕੀਤੇ ਜਾਣ ਦੀ ਆਗਿਆ ਦਿੰਦੇ ਹਨ।